## ਪਾਠ-12

## ਪੰਜਾਬ ਦਾ ਸੁਪਨਸਾਜ਼ : ਡਾ. ਮਹਿੰਦਰ ਸਿੰਘ ਰੰਧਾਵਾ (ਲੇਖਕ- ਸ੍ਰੀ ਜਨਕਰਾਜ ਸਿੰਘ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਡਾ. ਮਹਿੰਦਰ ਸਿੰਘ ਰੰਧਾਵਾ ਕਿੱਥੋਂ ਦੇ ਜੰਮ-ਪਲ਼ ਸਨ? ਉਨ੍ਹਾਂ ਨੇ ਕਿਹੜੀ-ਕਿਹੜੀ ਵਿੱਦਿਅਕ ਯੋਗਤਾ ਪ੍ਰਾਪਤ ਕੀਤੀ?**

ਉੱਤਰ : ਡਾ. ਮਹਿੰਦਰ ਸਿੰਘ ਰੰਧਾਵਾ ਪੰਜਾਬ ਦੇ ਜੰਮ-ਪਲ਼ ਸਨ। ਆਪ ਨੇ ਲਾਹੌਰ ਤੋਂ ਐੱਮ. ਐੱਸ.ਸੀ. ਤੇ ਲੰਡਨ ਤੋਂ ਆਈ.ਸੀ.ਐੱਸ. ਦੀ ਪ੍ਰਤੀਯੋਗਤਾ ਪਾਸ ਕੀਤੀ। ਬਨਸਪਤੀ ਵਿਗਿਆਨ ਸੰਬੰਧੀ ਖੋਜ ਕਰਨ ਤੇ ਆਪ ਨੂੰ ਪੰਜਾਬ ਯੂਨੀਵਰਸਿਟੀ ਨੇ ਡਾਕਟਰ ਦੀ ਡਿਗਰੀ ਦਿੱਤੀ ।

**ਪ੍ਰਸ਼ਨ ਅ. ਇੱਕ ਅਧਿਕਾਰੀ ਵਜੋਂ ਡਾ. ਰੰਧਾਵਾ ਕਿਹੜੇ- ਕਿਹੜੇ ਅਹੁਦਿਆਂ 'ਤੇ ਸੁਸ਼ੋਭਿਤ ਰਹੇ?**

ਉੱਤਰ : ਇੱਕ ਅਧਿਕਾਰੀ ਵਜੋਂ ਡਾ. ਰੰਧਾਵਾ ਉੱਤਰ-ਪ੍ਰਦੇਸ਼, ਦਿੱਲੀ, ਹਰਿਆਣਾ ਤੇ ਪੰਜਾਬ ਵਿੱਚ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦੇ ਰਹੇ। ਆਪ ਪੰਜਾਬ ਦੇ ਵਿਕਾਸ ਕਮਿਸ਼ਨਰ, ਚੰਡੀਗੜ੍ਹ ਦੇ ਮੁੱਖ ਕਮਿਸ਼ਨਰ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉਪ ਕੁਲਪਤੀ ਵੀ ਰਹੇ।

**ਪ੍ਰਸ਼ਨ ੲ. ਪੰਜਾਬ ਵਿੱਚ ਖੇਤੀ-ਬਾੜੀ ਨੂੰ ਉੱਨਤ ਕਰਨ ਲਈ ਡਾ. ਰੰਧਾਵਾ ਦਾ ਕੀ ਯੋਗਦਾਨ ਹੈ?**

ਉੱਤਰ : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਬਣਦੇ ਹੀ ਆਪ ਨੇ ਕਿਸਾਨਾਂ ਨੂੰ ਉੱਨਤ ਖੇਤੀ ਦੇ ਢੰਗਾਂ ਦੀ ਸਿਖਲਾਈ ਦੇਣ ਲਈ ਵਿਸ਼ੇਸ਼ ਕੰਮ ਕੀਤੇ। ਆਪ ਨੇ ਯੂਨੀਵਰਸਿਟੀ ਵਿੱਚ ਇੱਕ ਵਿਭਾਗ ਕਾਇਮ ਕੀਤਾ, ਜੋ ਕਿ ਉੱਨਤ ਖੇਤੀ ਬਾਰੇ ਜਾਣਕਾਰੀ ਦੇਣ ਵਾਲ਼ਾ ਸਾਹਿਤ ਛਾਪ ਕੇ ਕਿਸਾਨਾਂ ਵਿੱਚ ਮੁਫ਼ਤ ਵੰਡਦਾ ਹੈ ਤੇ ਖੇਤੀ ਦੇ ਮਾਹਰ ਕਿਸਾਨ ਮੇਲੇ ਲਾ ਕੇ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਦੇ ਹਨ।

**ਪ੍ਰਸ਼ਨ ਸ. ਡਾ. ਮਹਿੰਦਰ ਸਿੰਘ ਰੰਧਾਵਾ ਸਾਹਿਤ ਦੇ ਖੇਤਰ ਵਿੱਚ ਕਿਉਂ ਪ੍ਰਸਿੱਧ ਹੋਏ?**

ਉੱਤਰ : ਡਾ. ਰੰਧਾਵਾ ਸਾਹਿਤ, ਸੱਭਿਆਚਾਰ ਤੇ ਗਿਆਨ ਵਿਗਿਆਨ ਨਾਲ਼ ਸੰਬੰਧਿਤ ਬਹੁਤ ਸਾਰੀਆਂ ਪੁਸਤਕਾਂ ਲਿਖਣ ਕਾਰਨ ਸਾਹਿਤ ਦੇ ਖੇਤਰ ਵਿੱਚ ਪ੍ਰਸਿੱਧ ਹੋਏ। ਆਪ ਨੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਕਾਂਗੜੇ ਤੇ ਕੁੱਲੂ ਦੇ ਖੇਤਰ ਵਿੱਚੋਂ ਲੋਕ-ਗੀਤ ਇਕੱਠੇ ਕੀਤੇ ਤੇ ਉਨ੍ਹਾਂ ਨੂੰ ਲੋਕਾਂ ਦੇ ਅੰਦਾਜ਼ ਵਿੱਚ ਲਿਖਿਆ।

**ਪ੍ਰਸ਼ਨ ਹ. ਵਿਗਿਆਨ ਦੇ ਖੇਤਰ ਨਾਲ਼ ਡਾ. ਰੰਧਾਵਾ ਦਾ ਨਾਂ ਕਿਵੇਂ ਜੁੜਿਆ ਹੈ?**

ਉੱਤਰ : ਡਾ. ਰੰਧਾਵਾ ਐੱਮ.ਐੱਸ.ਸੀ. ਪਾਸ ਹੋਣ ਕਰ ਕੇ ਇੱਕ ਵਿਗਿਆਨੀ ਸਨ। ਉਨ੍ਹਾਂ ਨੂੰ ਬਨਸਪਤੀ ਵਿਗਿਆਨ ਬਾਰੇ ਖੋਜ ਕਰਨ ਉੱਤੇ ਪੰਜਾਬ ਯੂਨੀਵਰਸਿਟੀ ਵਲੋਂ ਡਾਕਟਰ ਦੀ ਡਿਗਰੀ ਦੇਣ ਕਾਰਨ ਉਨ੍ਹਾਂ ਦਾ ਨਾਂ ਵਿਗਿਆਨ ਦੇ ਖੇਤਰ ਨਾਲ਼ ਜੁੜ ਗਿਆ।

**ਪ੍ਰਸ਼ਨ ਕ. ਡਾ. ਮਹਿੰਦਰ ਸਿੰਘ ਰੰਧਾਵਾ ਦੀ ਸੋਚ ਤੇ ਸੁਭਾਅ ਬਾਰੇ ਪਾਠ ਵਿੱਚ ਕੀ ਦੱਸਿਆ ਗਿਆ ਹੈ?**

ਉੱਤਰ : ਡਾ. ਰੰਧਾਵਾ ਵਿਸ਼ਾਲ ਵਿਗਿਆਨਿਕ ਸੋਚ ਦੇ ਮਾਲਕ, ਕਲਾ ਤੇ ਸਾਹਿਤ ਦੇ ਰਸੀਏ, ਖੋਜੀ, ਪੰਜਾਬੀ ਬੋਲੀ ਤੇ ਸੱਭਿਆਚਾਰ ਨੂੰ ਪਿਆਰ ਕਰਨ ਵਾਲ਼ੇ, ਮਿਹਨਤ ਤੇ ਕਲਾ ਦੇ ਕਦਰਦਾਨ ਵਿਅਕਤੀ ਸਨ। ਆਪ ਨੇ ਕਦੇ ਆਲਸ ਨੂੰ ਨੇੜੇ ਨਹੀਂ ਲੱਗਣ ਦਿੱਤਾ ਅਤੇ ਨਾ ਹੀ ਕਦੇ ਕਿਸੇ ਨੂੰ ਨਾਜਾਇਜ਼ ਸਜ਼ਾ ਦਿੱਤੀ ਸੀ।

**ਪ੍ਰਸ਼ਨ ਖ. ਪੰਜਾਬ ਨੂੰ ਸੋਹਣਾ ਬਣਾਉਣ ਲਈ ਡਾ. ਰੰਧਾਵਾ ਨੇ ਕੀ ਯਤਨ ਕੀਤੇ?**

ਉੱਤਰ : ਡਾ. ਰੰਧਾਵਾ ਪੰਜਾਬ ਨੂੰ ਸੋਹਣਾ ਬਣਾਉਣ ਦਾ ਦ੍ਰਿੜ ਇਰਾਦਾ ਲੈ ਕੇ ਹੀ ਪੰਜਾਬ ਦੇ ਵਿਕਾਸ ਕਮਿਸ਼ਨਰ ਬਣੇ। ਉਹਨਾਂ ਨੇ ਕਿਸਾਨਾਂ ਨੂੰ ਵਿਗਿਆਨਿਕ ਢੰਗ ਨਾਲ਼ ਖੇਤੀ ਕਰਨ ਦੀ ਸੋਝੀ ਦਿੱਤੀ। ਪਸ਼ੂ-ਪਾਲਣ, ਫ਼ਲਾਂ ਤੇ ਫੁੱਲਾਂ ਦੀ ਖੋਜ ਵਿੱਚ ਆਪ ਦਾ ਅਹਿਮ ਯੋਗਦਾਨ ਹੈ। ਪੰਜਾਬੀ ਸੱਭਿਆਚਾਰ ਦੀ ਸਾਂਭ-ਸੰਭਾਲ਼ ਲਈ ਆਪ ਨੇ ਪੇਂਡੂ ਅਜਾਇਬ-ਘਰ ਬਣਵਾਇਆ। ਆਪ ਨੇ ਪੰਜਾਬੀ ਟ੍ਰਿਬਿਊਨ ਅਖ਼ਬਾਰ ਆਰੰਭ ਕਰਵਾ ਪੰਜਾਬੀ ਬੋਲੀ ਦੇ ਲੱਖਾਂ ਪਾਠਕ ਪੈਦਾ ਕੀਤੇ।



**ਪ੍ਰਸ਼ਨ ਗ. ਚੰਡੀਗੜ੍ਹ ਨੂੰ ਡਾ. ਰੰਧਾਵਾ ਦੀ ਕੀ ਦੇਣ ਹੈ?**

ਉੱਤਰ : ਡਾ. ਰੰਧਾਵਾ ਨੇ ਚੰਡੀਗੜ੍ਹ ਦੇ ਰੋਜ਼ ਗਾਰਡਨ ਵਿੱਚ ਇੱਕ ਹਜ਼ਾਰ ਤੋਂ ਵੱਧ ਗੁਲਾਬ ਦੇ ਫੁੱਲਾਂ ਦੀਆਂ ਵੰਨਗੀਆਂ ਅਤੇ ਸੜਕਾਂ ਦੇ ਦੋਹੀਂ ਪਾਸੇ ਲਾਉਣ ਲਈ ਦਰਖ਼ਤ ਦੂਰੋਂ-ਦੂਰੋਂ

ਮੰਗਵਾਏ। ਚੰਡੀਗੜ੍ਹ 10 ਸੈਕਟਰ ਵਿੱਚ ਕਲਾ-ਕਿਰਤਾਂ ਦੀ ਨੁਮਾਇਸ਼ ਲਈ ਹਾਲ ਬਣਵਾਇਆ ਤੇ 'ਪੰਜਾਬ ਕਲਾ ਪ੍ਰੀਸ਼ਦ' ਨਾਂ ਦੀ ਸੰਸਥਾ ਕਾਇਮ ਕੀਤੀ।

## 2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਬਹੁਪੱਖੀ | : | ਕਈ ਪੱਖਾਂ ਜਾਂ ਪਹਿਲੂਆਂ ਵਾਲ਼ੀ |
| ਕਾਰਜ-ਖੇਤਰ | : | ਤੌਰ-ਤਰੀਕਾ |
| ਪ੍ਰਤਿਯੋਗਤਾ | : | ਮੁਕਾਬਲਾ |
| ਵਿਕਾਸ | : | ਤਰੱਕੀ, ਉੱਨਤੀ |
| ਯੋਗਦਾਨ | : | ਦੇਣ, ਸਹਿਯੋਗ |
| ਹੁਨਰ | : | ਕਿਸੇ ਕੰਮ ਵਿੱਚ ਮੁਹਾਰਤ, ਕਲਾ, ਕਾਰੀਗਰੀ |
| ਪ੍ਰਮਾਣਿਕ | : | ਸਹੀ, ਜਿਸ ਵਿੱਚ ਕੋਈ ਪ੍ਰਮਾਣ ਹੋਵੇ |
| ਵਿਸ਼ਾਲ | : | ਵੱਡਾ |
| ਸਿਰਜਣਾ | : | ਰਚਨਾ, ਬਣਾਉਣਾ, ਉਤਪੰਨ |
| ਪਸਾਰ | : | ਫੈਲਾਅ, ਖਿਲਾਰ, ਵਿਸਥਾਰ |

## 3. ਵਾਕਾਂ ਵਿੱਚ ਵਰਤੋ :

1. **ਸਸ਼ੋਭਿਤ (ਸ਼ੋਭ ਰਿਹਾ)–** ਮਹਾਰਾਜਾ ਆਪਣੇ ਸਿੰਘਾਸਣ ਉੱਤੇ ਸਸ਼ੋਭਿਤ ਸੀ।
2. **ਖ਼ਲਕਤ (ਦੁਨੀਆ)–** ਹੋਲੇ-ਮੁਹੱਲੇ ਵਿੱਚ ਬੜੀ ਖ਼ਲਕਤ ਆਈ ਹੋਈ ਸੀ।
3. **ਸਹੂਲਤ (ਸੁੱਖ)–** ਇਸ ਪਿੰਡ ਨੂੰ ਡਿਸਪੈਂਸਰੀ ਦੀ ਸਹੂਲਤ ਪ੍ਰਾਪਤ ਨਹੀਂ।
4. **ਉਪਰਾਲੇ (ਯਤਨ)–** ਡਾ. ਰੰਧਾਵਾ ਨੇ ਪੰਜਾਬ ਨੂੰ ਸੋਹਣਾ ਬਣਾਉਣ ਦੇ ਉਪਰਾਲੇ ਕੀਤੇ।
5. **ਪ੍ਰਤਿਭਾ (ਬੌਧਿਕ ਯੋਗਤਾ)–** ਡਾ. ਰੰਧਾਵਾ ਅਦਭੁਤ ਪ੍ਰਤਿਭਾ ਦੇ ਮਾਲਕ ਸਨ।
6. **ਸੁਹਿਰਦਤਾ (ਇਮਾਨਦਾਰੀ)–** ਜਿਹੜਾ ਵੀ ਕੰਮ ਕਰੋ, ਪੂਰੀ ਸੁਹਿਰਦਤਾ ਨਾਲ਼ ਕਰੋ।
7. **ਵਾਗ-ਡੋਰ (ਪ੍ਰਬੰਧ)–** ਲਗਭਗ 200 ਸਾਲ ਭਾਰਤ ਦੀ ਵਾਗ-ਡੋਰ ਅੰਗਰੇਜ਼ਾਂ ਹੱਥ ਰਹੀ।
8. **ਸਹਿਯੋਗੀ (ਕੰਮ ਵਿੱਚ ਸਾਥ ਦੇਣ ਵਾਲ਼ਾ)–** ਸੁਨੀਲ ਮੇਰਾ ਸਹਿਯੋਗੀ ਹੈ।
9. **ਰੁਜ਼ਗਾਰ (ਕੰਮ)–** ਰੁਜ਼ਗਾਰ ਮਿਲ਼ਣ ਕਰਕੇ ਉਸ ਦਾ ਗੁਜ਼ਾਰਾ ਸੌਖਾ ਹੋਣ ਲੱਗਾ।
10. **ਸ਼ਖ਼ਸੀਅਤ (ਵਿਅਕਤਿਤਵ)–** ਡਾ. ਰੰਧਾਵਾ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ।
11. **ਤਾੜਨਾ (ਖ਼ਬਰਦਾਰ ਕਰਨਾ)–** ਬੱਚੇ ਗ਼ਲਤੀ ਕਰਨ ਤਾਂ ਉਨ੍ਹਾਂ ਨੂੰ ਤਾੜਨਾ ਮਾਪਿਆਂ ਦਾ ਫਰਜ਼ ਹੈ।
12. **ਰਿਣੀ (ਦੇਣਦਾਰ)–** ਅਸੀਂ ਦੇਸ-ਭਗਤਾਂ ਦੇ ਸਦਾ ਰਿਣੀ ਰਹਾਂਗੇ।